ਗੰਭੀਰ ਸੇਵਾਵਾਂ ਵਿਭਾਗ


NHS
Greater Glasgow and Clyde

# ਮੁਰੰਮਤ ਅਤੇ ਰੱਖ ਰਖਾਵ

ਬਾਰੇ ਜਾਣਕਾਰੀ

Information about Repairs and Maintenance: Punjabi

## WestMARC (ਵੈਸਟਮਾਰਕ)
## ਵ੍ਹੀਲਚੇਅਰ ਐਂਡ ਸੀਟਿੰਗ ਸੈਂਟਰ (ਡਬਲਯੂਐਸਐਸ)



## ਵ੍ਹੀਲਚੇਅਰ ਅਤੇ ਬੈਠਣ ਦੀ ਸੇਵਾ ਬਾਰੇ (ਡਬਲਯੂਐਸਐਸ)

ਵੈਸਟਮਾਰਕ ਐਨਐਚਐਸ ਗ੍ਰੇਟਰ ਗਲਾਸਗੋ ਅਤੇ ਕਲਾਈਡ ਦੇ ਅੰਦਰ ਇੱਕ ਐਨਐਚਐਸ ਵਿਭਾਗ ਹੈ ਜੋ ਹੇਠਾਂ ਲਿਖੇ ਹੈਲਥ ਬੋਰਡਾਂ ਨੂੰ ਵ੍ਹੀਲਚੇਅਰ ਅਤੇ ਹੋਰ ਮੁੜ-ਵਸੇਬਾ ਸੇਵਾਵਾਂ ਪ੍ਰਦਾਨ ਕਰਦੇ ਹਨ:

- ਗ੍ਰੇਟਰ ਗਲਾਸਗੋ ਅਤੇ ਕਲਾਈਡ
- ਹਾਇਲੈਂਡ (ਸਿਰਫ਼ ਆਰਗਿਲ ਅਤੇ ਬਯੂਟ)
- ਏਅਰਸ਼ਾਇਰ ਅਤੇ ਐਰਨ
- ਡਮਫ੍ਰੀਜ਼ ਅਤੇ ਗੈਲੋਵੇ
- ਲਾਨਰਕਸ਼ਾਇਰ
- ਫੋਰਥ ਵੈਲੀ

ਵੈਸਟਮਾਰਕ ਵੱਲੋਂ ਸਪਲਾਈ ਕੀਤੀਆਂ ਗਈਆਂ ਸਾਰੀਆਂ ਵ੍ਹੀਲਚੇਅਰਾਂ ਐਨਐਚਐਸ ਦੀ ਜਾਇਦਾਦ ਰਹਿੰਦੀਆਂ ਹਨ। ਤੁਹਾਡੀ ਵ੍ਹੀਲਚੇਅਰ ਦੀ ਰੱਖ ਰਖਾਵ ਅਤੇ ਮੁਰੰਮਤ ਸੇਵਾ ਵੈਸਟਮਾਰਕ ਵੱਲੋਂ ਪ੍ਰਦਾਨ ਕੀਤੀ ਜਾਵੇਗੀ। ਇਹ ਪਰਚਾ ਤੁਹਾਨੂੰ ਵੈਸਟਮਾਰਕ ਵ੍ਹੀਲਚੇਅਰ ਐਂਡ ਸੀਟਿੰਗ ਸਰਵਿਸ (ਡਬਲਯੂਐਸਐਸ) ਦੁਆਰਾ ਪ੍ਰਦਾਨ ਕੀਤੀਆਂ ਗਈਆਂ ਵ੍ਹੀਲਚੇਅਰਾਂ ਲਈ ਮੁਰੰਮਤਾਂ ਅਤੇ ਰੱਖ ਰਖਾਵ ਬਾਰੇ ਜਾਣਕਾਰੀ ਦੇਵੇਗਾ।

## ਮੁਰੰਮਤ ਸੇਵਾ

ਵੈਸਟਮਾਰਕ ਕੋਲ ਯੋਕਰ ਡਿਪੂ ਤੋਂ ਚੱਲਣ ਵਾਲੀ ਅੰਦਰੂਨੀ ਸਟੋਰੇਜ, ਮੁਰੰਮਤ ਅਤੇ ਨਵੀਨੀਕਰਨ ਸਹੂਲਤ ਹੈ, ਜੋ ਹੈਲੀ ਸਟ੍ਰੀਟ, ਯੋਕਰ, G13 4DJ ਵਿੱਚ ਹੈ

ਇਹ ਵੈਨ ਅਤੇ ਮੋਬਾਈਲ ਇੰਜੀਨੀਅਰਿੰਗ ਦੇ ਤਕਨੀਕੀ ਸਟਾਫ ਦੇ ਬੇੜੇ ਦਾ ਅਧਾਰ ਵੀ ਹੈ ਜੋ ਵ੍ਹੀਲਚੇਅਰਾਂ ਦੀ ਸਪੁਰਦਗੀ, ਉੱਨਤੀ, ਰੱਖ ਰਖਾਵ ਅਤੇ ਮੁਰੰਮਤ ਲਈ ਜ਼ਿੰਮੇਵਾਰ ਹੈ।

ਜੇ ਤੁਹਾਡੀ ਵ੍ਹੀਲਚੇਅਰ ਨੂੰ ਮੁਰੰਮਤ ਦੀ ਜ਼ਰੂਰਤ ਹੈ ਤਾਂ ਤੁਹਾਨੂੰ ਤੁਰੰਤ ਇਸ ਸੇਵਾ ਨਾਲ ਇੱਥੇ ਸੰਪਰਕ ਕਰਨਾ ਚਾਹੀਦਾ ਹੈ:

**0300 790 0129**

ਕਾਲਾਂ ਦਾ ਜਵਾਬ ਦੇਣ ਲਈ ਕਾਲ ਸੈਂਟਰ ਦਾ ਸਟਾਫ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:45 ਤੋਂ ਸ਼ਾਮ 4:15 ਵਜੇ ਦੇ ਦਫਤਰੀ ਸਮੇਂ ਦੌਰਾਨ ਉਪਲਬਧ ਹੁੰਦਾ ਹੈ। ਜੇ ਸੇਵਾ ਮੁਰੰਮਤ ਨੂੰ ਜ਼ਰੂਰੀ ਸਮਝਦੀ ਹੈ ਤਾਂ ਉਹ ਅਗਲੇ ਕੰਮ ਵਾਲੇ ਦਿਨ ਵ੍ਹੀਲਚੇਅਰ ਦੀ ਮੁਰੰਮਤ ਕਰਨ ਦੀ ਕੋਸ਼ਿਸ਼ ਕਰਨਗੇ। ਮੁਰੰਮਤ ਜੋ ਕਿ ਘੱਟ ਜ਼ਰੂਰੀ ਸੁਭਾਅ ਦੀਆਂ ਹੁੰਦੀਆਂ ਹਨ ਜਿਵੇਂ ਕਿ ਰੁਟੀਨ, ਅਸੀਂ ਇਨ੍ਹਾਂ ਨੂੰ 5 ਕਾਰਜਕਾਰੀ ਦਿਨਾਂ ਦੇ ਅੰਦਰ ਪੂਰਾ ਕਰਾਂਗੇ।

ਤੁਹਾਡੀ ਵ੍ਹੀਲਚੇਅਰ ਦੀ ਮੁਰੰਮਤ ਕਰਨ ਲਈ ਇੱਕ ਇੰਜੀਨੀਅਰ ਸਹਿਮਤ ਸਥਾਨ ‘ਤੇ ਤੁਹਾਡੇ ਨਾਲ ਮੁਲਾਕਾਤ ਕਰੇਗਾ। ਇੰਜੀਨੀਅਰ ਨੂੰ ਹੇਠਾਂ ਲਿਖਿਆ ਕਰਨ ਦੀ ਇਜਾਜ਼ਤ ਦੇਣ ਲਈ ਤੁਹਾਨੂੰ ਮੁਲਾਕਾਤ ਦੇ ਸਮੇਂ ਆਪਣੀ ਵ੍ਹੀਲਚੇਅਰ ਤੋਂ ਬਾਹਰ ਨਿਕਲਣ ਦੀ ਜ਼ਰੂਰਤ ਹੋਏਗੀ:


- ਕੰਮ ਨੂੰ ਪੂਰਾ ਕਰਨ ਲਈ ਅਤੇ
- ਕਿਸੇ ਹੋਰ ਨੁਕਸਾਂ ਲਈ ਤੁਹਾਡੀ ਵ੍ਹੀਲਚੇਅਰ ਦੀ ਜਾਂਚ ਕਰਨ ਲਈ.

ਜੇ ਤੁਸੀਂ ਬਿਨਾਂ ਸਹਾਇਤਾ ਦੇ ਆਪਣੀ ਵ੍ਹੀਲਚੇਅਰ ਤੋਂ ਬਾਹਰ ਨਿਕਲਣ ਵਿੱਚ ਅਸਮਰੱਥ ਹੋ ਤਾਂ ਕਿਰਪਾ ਕਰਕੇ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਮੁਰੰਮਤ ਦੇ ਸਮੇਂ ਤੁਹਾਨੂੰ ਤੁਹਾਡੀ ਵ੍ਹੀਲਚੇਅਰ ਤੋਂ ਬਾਹਰ ਕੱਢਣ ਲਈ ਢੁੱਕਵੇਂ ਦੇਖਭਾਲਕਰਤਾਵਾਂ ਦਾ ਪ੍ਰਬੰਧ ਕਰੋ।

## ਡ੍ਰੌਪ-ਇਨ ਸੇਵਾ

ਤੁਸੀਂ ਆਪਣੀ ਵ੍ਹੀਲਚੇਅਰ ਨੂੰ ਯੋਕਰ ਡਿਪੂ ਵਿਖੇ ਸਵੇਰੇ 8:30 ਵਜੇ ਤੋਂ ਦੋਪਹਿਰ 3:45 ਵਜੇ ਦੇ ਵਿਚਕਾਰ ਵਰਕਸ਼ਾਪ ਵਿੱਚ ਲਿਆ ਸਕਦੇ ਹੋ। ਮੁਰੰਮਤ ਦਾ ਪ੍ਰਬੰਧ ਕਰਨ ਲਈ ਤੁਸੀਂ 0300 790 0129 ‘ਤੇ ਫ਼ੋਨ ਕਰਕੇ ਡ੍ਰੌਪ-ਇਨ ਦੀ ਵਿਵਸਥਾ ਕਰ ਸਕਦੇ ਹੋ।






# ਫੋਨ ਕਰਨ ਵੇਲੇ ਲੋੜੀਂਦੀ ਜਾਣਕਾਰੀ

ਜਦੋਂ ਤੁਸੀਂ ਮੁਰੰਮਤ ਦਾ ਪ੍ਰਬੰਧ ਕਰਨ ਲਈ ਕਾਲ ਕਰਦੇ ਹੋ, ਤਾਂ ਕੁਝ ਜਾਣਕਾਰੀ ਹੈ ਜੋ ਸਾਨੂੰ ਇਹ ਯਕੀਨੀ ਬਣਾਉਣ ਲਈ ਚਾਹੀਦੀ ਹੁੰਦੀ ਹੈ ਤਾਂ ਜੋ ਅਸੀਂ ਮੁਰੰਮਤ ਨੂੰ ਤੇਜ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰ ਸਕੀਏ। ਇਸ ਵਿੱਚ ਸ਼ਾਮਲ ਹਨ:

- ਵ੍ਹੀਲਚੇਅਰ ਦੀ ਵਰਤੋਂ ਕਰਨ ਵਾਲੇ ਦਾ ਨਾਮ ਅਤੇ ਜਨਮ ਦੀ ਮਿਤੀ
- ਸੰਪਰਕ ਨਾਮ ਅਤੇ ਨੰਬਰ
- ਸਥਾਨ
- ਮੁਰੰਮਤ ਦੇ ਵੇਰਵੇ

ਚਿੱਤਰਾਂ ਵਾਲੇ ਹੇਠਾਂ ਦਿੱਤੇ ਸਫ਼ੇ ਤੁਹਾਨੂੰ ਇਹ ਦੱਸਣ ਵਿੱਚ ਸਹਾਇਤਾ ਕਰ ਸਕਦੇ ਹਨ ਕਿ ਤੁਹਾਡੀ ਵ੍ਹੀਲਚੇਅਰ ਨਾਲ ਸਮੱਸਿਆ ਕਿੱਥੇ ਹੈ।







# ਵ੍ਹੀਲਚੇਅਰ ਮਾਰਗਦਰਸ਼ਕ

## ਪਾਵਰ ਚੇਅਰ










# ਮੈਨੁਅਲ ਕੁਰਸੀ



ਪਿਛਲਾ ਕੈਨਵਾਸ
ਪਿਛਲਾ ਖੰਭਾ
ਬਾਂਹ ਰਖਣ ਵਾਲਾ ਪੈਡ
ਫੜਨ ਵਾਲਾ ਦਸਤਾ
ਸੀਟ ਦਾ ਕੈਨਵਾਸ
ਧੱਕਣ ਵਾਲਾ ਰਿਮ
ਹੈਂਗਰ ਦੀ ਕੁੰਡੀ
ਹੈਂਗਰ
ਪਹੀਏ ਦਾ ਧੁਰਾ
ਫੁਟਪਲੇਟ
ਕੈਸਟਰ




ਢੋਹ ਲਾਣ ਵਾਲੇ ਦੀ ਕੁੰਡੀ
ਆਰਮਰੈਸਟ ਦੀ ਕੁੰਡੀ
ਸਾਈਡ ਵਾਲੇ ਪੈਨਲ
ਬ੍ਰੇਕ ਦਾ ਲੀਵਰ
ਪੁੱਠੇ ਹੋਣ ਤੋਂ ਬਚਾਉਣ ਵਾਲਾ ਲੀਵਰ
ਬ੍ਰੇਕ ਬਲਾਕ
ਟਾਇਰ
ਆਪ ਚਲਣ ਵਾਲਾ ਪਹੀਆ

## ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

**WestMARC (ਵੈਸਟਮਾਰਕ)**

Queen Elizabeth University Hospital

1345 Govan Road


G51 4TF

ਟੈਲੀ: 0300 790 0129


ਈਮੇਲ: **WestMARC@ggc.scot.nhs.uk**

ਵੈਬਸਾਈਟ: **www.nhsggc.org.uk/WestMARC**






NHS
Greater Glasgow
and Clyde



ਸਮੀਖਿਆ ਮਿਤੀ ਫਰਵਰੀ 2024

mi • 247974 v3.0